# ਓਬਾਮਾ ਦੌਰਾ: ਕੂੜ ਫਿਰੇ ਪ੍ਰਧਾਨ ਵੇ ਲਾਲੋ

ਸਦਰ ਓਬਾਮਾ ਦੀ ਚਾਰ ਦਿਨ ਦੀ ਹਿੰਦੁਸਤਾਨ ਫੇਰੀ ਤੋਂ ਹਿੰਦੁਸਤਾਨ ਦਾ ਹਾਕਮ ਟੋਲਾ ਕਾਫ਼ੀ ਖ਼ੁਸ਼ ਜਾਪਦਾ ਹੈ। ਦੱਸਿਆ ਜਾਂਦਾ ਹੈ ਕਿ ਇਸ ਦੌਰੇ ਉਤੇ ਅਮਰੀਕਨ ਸਰਕਾਰ ਨੇ ਦੋ ਸੌ ਮਿਲੀਅਨ ਡਾਲਰ ਰੋਜ਼ ਦੇ ਖ਼ਰਚ ਕੀਤੇ ਹਨ। ਓਬਾਮਾ ਨਾਲ ਅਮਰੀਕੀ ਹਵਾਈ ਫੌਜ ਦੇ ਕਈ ਜਹਾਜ਼ ਵੀ ਸੀ ਅਤੇ ਇਕ ਵੱਡੇ ਬਾਦਸ਼ਾਹ ਵਾਂਗ ਉਸ ਨਾਲ ਤਕਰੀਬਨ ਤਿੰਨ ਹਜ਼ਾਰ ਦਰਬਾਰੀਆਂ ਦਾ ਅਮਲਾ ਵੀ ਹਿੰਦੁਸਤਾਨ ਪਹੁੰਚਿਆ ਹੋਇਆ ਸੀ ਜਿਸ ਵਿਚ ਵੱਡੇ ਵੱਡੇ ਵਪਾਰੀ ਤੇ ਸਨਅਤੀ ਲੀਡਰ ਸ਼ਾਮਲ ਸਨ। ਸਰਕਾਰੀ ਅਤੇ ਗੈਰ ਸਕਰਾਰੀ ਮੀਡੀਆ ਨੇ ਹਰ ਪਾਸੇ ਇਹੋ ਰੌਲਾ ਪਾਇਆ ਹੋਇਆ ਸੀ ਕਿ ਅਮਰੀਕਾ ਨੇ ਹੁਣ ਹਿੰਦੁਸਤਾਨ ਦਾ ਦੁਨੀਆਂ ਅਤੇ ਦੱਖਣੀ  ਏਸ਼ੀਆਂ ਦੇ ਖਿੱਤੇ ਵਿਚ ਲੀਡਰੀ ਦਾ ਥਾਂ ਤਸਲੀਮ ਕਰ ਲਿਆ ਹੈ ਅਤੇ ਹਿੰਦੁਸਤਾਨ ਨੂੰ ਇਕ ਵੱਡੀ ਤਾਕਤ ਮੰਨ ਲਿਆ ਹੈ ਜਿਸ ਨਾਲ ਹਿੰਦੁਸਤਾਨ ਦਾ ਦੁਨੀਆਂ ਵਿਚ ਵੁਕਾਰ ਵੱਧ ਗਿਆ ਹੈ ਅਤੇ ਹੋਰ ਵੀ ਵੱਧਦਾ ਜਾਵੇਗਾ। ਹਾਕਮ ਟੋਲਾ ਇਸ ਗੱਲ ਤੋਂ ਵੀ ਬਹੁਤ ਖ਼ੁਸ਼ ਹੈ ਕਿ ਉਬਾਮਾ ਨੇ ਯ੍ਯੂ ਐਨ ਓ ਦੀ ਸਿਕਿਉਰਟੀ ਕੌਂਸਲ ਦੀ ਪੱਕੀ ਸੀਟ ਬਾਰੇ ਹਿੰਦੁਸਤਾਨ ਦੀ ਹਿਮਾਇਤ ਕਰਨ ਦਾ ਵਾਅਦਾ ਕੀਤਾ ਹੈ।

ਆਪਣੀ ਇਸ ਫੇਰੀ ਦੌਰਾਨ ਉਬਾਮਾ ਨੇ ਦਸ ਬਿਲੀਅਨ ਤੋਂ ਵੀ ਜ਼ਿਆਦਾ ਡਾਲਰਾਂ ਦੇ ਕਈ ਕਾਰੋਬਾਰੀ ਸਮਝੌਤਿਆਂ ਉਤੇ ਦਸਤਖ਼ਤ ਕੀਤੇ ਜਿਨ੍ਹਾਂ ਵਿਚ ਜ਼ਿਆਦਾਤਰ ਹਿੰਦੁਸਤਾਨ ਨੂੰ ਹਥਿਆਰ ਵੇਚਣ ਦੇ ਸਮਝੌਤੇ ਹੀ ਹਨ। ਹਿੰਦੁਸਤਾਨ ਦਾ ਹਾਕਮ ਟੋਲਾ, ਹਥਿਆਰਾਂ ਦੇ ਵਪਾਰੀ ਤੇ ਠੇਕੇਦਾਰ ਬਹੁਤ ਹੀ ਖ਼ੁਸ਼ ਨਜ਼ਰ ਆਉਂਦੇ ਹਨ।  ਇਸ ਨਾਲ ਉਨ੍ਹਾਂ ਦੇ ਮੁਨਾਫ਼ੇ ਹੋਰ ਵੀ ਵਧਣਗੇ ਕਿਉਂਕਿ ਸਰਕਾਰੀ ਖਜ਼ਾਨੇ ਚੋਂ ਉਨ੍ਹਾਂ ਦੀਆਂ ਜੇਬਾਂ ਹੋਰ ਅਰਬਾਂ ਰੁਪਏ ਨਾਲ ਭਰੀਆਂ ਜਾਣਗੀਆਂ। ਇਸ ਦੇ ਨਾਲ ਹੀ ਉਹ ਇਹ ਹਥਿਆਰ ਲੋਕਾਂ ਦੇ ਘੋਲਾਂ ਅਤੇ ਉਨ੍ਹਾਂ ਦੇ ਹੱਕਾਂ ਨੂੰ ਕੁਚਲਣ ਲਈ ਵੀ ਵਰਤਣਗੇ। ਮਿਸਾਲ ਦੇ ਤੌਰ ਤੇ ਕਸ਼ਮੀਰ ਅਤੇ ਛੱਤੀਸਗੜ ਵਿਚ ਹਿੰਦੁਸਤਾਨੀ ਫੌਜ ਅਤੇ ਨੀਮ ਫੌਜ ਲੋਕਾਂ ਖ਼ਿਲਾਫ਼ ਹਥਿਆਰ ਵਰਤ ਰਿਹਾ ਹੈ।

ਹਿੰਦੁਸਤਾਨ ਦੀ ਪਾਰਲੀਮੈਂਟ ਨੂੰ ਸੰਬੋਧਨ ਕਰਦੇ ਹੋਏ ਉਬਾਮਾ ਨੇ ਹਿੰਦੁਸਤਾਨ ਅਤੇ ਅਮਰੀਕਾ ਦੀ ਜਮਹੂਰੀਅਤ ਦੇ ਬਹੁਤ ਸੋਹਲੇ ਗਾਏ ਅਤੇ ਕਿਹਾ ਕਿ ਅਮਰੀਕਾ ਲੋਕਾਂ ਦੇ ਹੱਕਾਂ ਬਾਰੇ ਬਹੁਤ ਹੀ ਸਰਗਰਮ ਹੈ। ਉਬਾਮਾ ਜਦੋਂ ਇਹ ਤਕਰੀਰ ਕਰ ਰਿਹਾ ਸੀ ਉਸ ਵੇਲੇ ਅਮਰੀਕਾ ਵਿਚ ਉਸਦੀ ਸਰਕਾਰ ਕਚਿਹਰੀ ਵਿਚ ਇਹ ਦਲੀਲ ਦੇ ਰਹੀ ਸੀ ਕਿ ਅਮਰੀਕਾ ਦਾ ਸਦਰ ਜੇ ਕਿਸੇ ਅਮਰੀਕਨ ਸ਼ਹਿਰੀ ਨੂੰ ਰਿਆਸਤ ਦਾ ਦੁਸ਼ਮਨ ਕਰਾਰ ਦੇ ਦਵੇ ਤਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਉਸ ਨੂੰ ਕਤਲ ਤੱਕ ਕਰ ਦੇਣ ਦਾ ਹੱਕ ਹੈ ਅਤੇ ਕਿਸੇ ਵੀ ਕਚਿਹਰੀ ਨੂੰ ਇਸ ਤੇ ਨਜ਼ਰਸਾਨੀ ਕਰਨ ਦਾ ਕੋਈ ਹੱਕ ਨਹੀਂ। ਇਸੇ ਤਰਾਂ ਉਸਨੇ ਹਿੰਦੁਸਤਾਨ ਦੀ ਜਮਹੁਰੀਅਤ ਦੀਆਂ ਵੀ ਬਹੁਤ ਸਿਫ਼ਤਾਂ ਕੀਤੀਆਂ ਜਦਕਿ ਕਸ਼ਮੀਰ, ਨਾਗਾਲੈਂਡ, ਮੀਜ਼ੋਰਾਮ, ਆਸਾਮ, ਪੰਜਾਬ ਅਤੇ ਹੋਰਨਾਂ ਇਲਾਕਿਆਂ ਵਿਚ ਰਿਆਸਤ ਅਤੇ ਸਰਕਾਰ ਲੋਕਾਂ ਦੇ ਹੱਕਾਂ ਨੂੰ ਪੈਰਾਂ ਹੇਠ ਲਤਾੜ ਰਹੇ ਹਨ।

ਇਕ ਪਾਸੇ, ਦੁਨੀਆਂ ਭਰ ਦੇ ਹਾਲਾਤ ਦਸ ਰਹੇ ਹਨ ਕਿ ਲਿਬਰਲ ਡੈਮੋਕਰੇਸੀ ਕੋਲ ਕਿਸੇ ਵੀ ਥਾਂ ਮਸਲਿਆਂ ਦਾ ਕੋਈ ਹੱਲ ਨਹੀਂ ਤੇ ਇਹ ਅਜੋਕੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੀ। ਦੂਜੇ ਪਾਸੇ, ਲਿਬਰਲ ਡੈਮੋਕਰੇਸੀ ਦੀ ਇਹ ਅਸਲੀਅਤ ਜਿਉਂ ਜਿਉਂ ਨੰਗੀ ਹੁੰਦੀ ਜਾ ਰਹੀ ਹੈ ਤਿਉਂ ਤਿਉਂ ਉਬਾਮਾ ਤੇ ਮਨਮੋਹਨ ਸਿੰਘ ਵਰਗੇ ਅਤੇ ਹਾਕਮ ਟੋਲੇ ਦੇ ਹੋਰ ਨੁਮਾਇੰਦੇ ਦੇ ਇਸ ਦੀਆਂ ਸਿਫ਼ਤਾਂ ਵੱਧ ਚੜ੍ਹ ਕੇ ਕਰ ਰਹੇ ਹਨ।  ਸਭ ਦੇ ਸਾਹਮਣੇ ਹੈ ਕਿ ਹਰ ਪਾਸੇ ਲਿਬਰਲ ਡੈਮੋਕਰੇਸੀ ਲੋਕਾਂ ਦੇ ਹੱਕਾਂ ਦੀ ਰਾਖੀ ਦੀ ਥਾਂ ਉਨ੍ਹਾਂ ਉਤੇ ਹਮਲੇ ਜਥੇਬੰਦ ਕਰ ਰਹੀ ਹੈ। ਪਰ ਹਾਕਮ ਟੋਲਾ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਇਸ ਦੇ ਗੀਤ ਗਾਉਣ ਤੋਂ ਜ਼ਰਾ ਗੁਰੇਜ਼ ਨਹੀਂ ਕਰਦੇ। ਲੋਕਾਂ ਤੇ ਦਬਾਅ ਪਾਇਆ ਜਾਂਦਾ ਹੈ ਕਿ ਉਨ੍ਹਾਂ ਕੋਲ ਇਸ ਲਿਬਰਲ ਡੈਮੋਕਰੇਸੀ ਦੇ ਇਲਾਵਾ ਹੋਰ ਕੋਈ ਰਾਹ ਹੈ ਹੀ ਨਹੀਂ। ਇਸ ਲਈ ਭਾਂਵੇ ਇਸ ਵਿਚ ਕਈ ਘਾਟਾਂ ਹਨ ਪਰ ਇਸ ਤੋਂ ਚੰਗਾ ਹੋਰ ਕੋਈ ਸਿਆਸੀ ਤਰੀਕਾ ਹੈ ਨਹੀਂ ਤੇ ਜੇ ਲਿਬਰਲ ਡੈਮੋਕਰੇਸੀ ਨਾ ਰਹੀ ਤਾਂ ਦਹਿਸ਼ਤਗਰਦੀ ਅਤੇ ਕਤਲੋਗਾਰਤ ਬਹੁਤ ਵੱਧ ਜਾਵੇਗੀ।

ਪਰ ਅਸਲੀਅਤ ਇਹ ਹੈ ਕਿ ਹਾਕਮ ਟੋਲੇ ਲਈ ਦਹਿਸ਼ਤਗਰਦੀ ਅਤੇ ਕਤਲੋਗਾਰਤ ਬਹੁਤ ਜ਼ਰੂਰੀ ਹੈ ਤੇ ਹਾਕਮ ਟੋਲੇ ਹਰ ਤਰ੍ਹਾਂ ਦੀ ਕਤਲੋਗਾਰਤ ਅਤੇ ਦਹਿਸ਼ਤਗਰਦੀ ਆਪ ਜੱਥੇਬੰਦ ਕਰਦੇ ਹਨ। ਦਹਿਸ਼ਤਗਰਦੀ ਭਾਂਵੇ ਜ਼ਾਤੀ ਹੋਵੇ, ਸਰਕਾਰੀ ਹੋਵੇ ਜਾਂ ਕੰਪਨੀਆਂ ਦੀ, ਇਹ ਸਦਾ ਹਾਕਮ ਟੋਲੇ ਦੇ ਹੱਕ ਵਿਚ ਭੁਗਤਦੀ ਹੈ ਤੇ ਇਹ ਹਥਿਆਰ ਹਾਕਮ ਟੋਲੇ ਲਿਬਰਲ ਡੈਮੋਕਰੇਸੀ ਦੇ ਨਾਂ ਹੇਠ ਬੜੀ ਖੁੱਲ੍ਹ ਨਾਲ ਵਰਤਦੇ ਹਨ। ਅਮਰੀਕਾ ਨੇ ਇਸੇ ਲਿਬਰਲ ਡੈਮੋਕਰੇਸੀ ਹੇਠ ਹੀ ਕਰੋੜਾਂ ਪੁਸ਼ਤੈਨੀ ਲੋਕਾਂ ਦੇ ਕਤਲ ਕੀਤੇ ਸਨ।

ਉਬਾਮਾ ਦੇ ਦੌਰੇ ਦੌਰਾਨ ਅਮਰੀਕਨ ਸਾਮਰਾਜ ਦੀ ਦਹਿਸ਼ਤਗਰਦੀ ਖ਼ਿਲਾਫ਼ ਕਈ ਮੁਜ਼ਾਹਰੇ ਵੀ ਹੋਏ ਪਰ ਅਜਾਰੇਦਾਰਾ ਮੀਡੀਆ ਨੇ ਇਹਦੀ ਭਾਫ਼ ਨਹੀਂ ਕੱਢੀ। ਲੋਕਾਂ ਨੇ ਭੋਪਾਲ ਵਿਚ ਯੂਨੀਅਨ ਕਾਰਬਾਈਡ ਦੇ ਨਰਸੰਹਾਰ ਦੇ ਖ਼ਿਲਾਫ਼ ਵੀ ਮੁਜ਼ਾਹਰੇ ਕੀਤੇ ਅਤੇ ਮੰਗ ਕੀਤੀ ਕਿ ਉਸ ਵੇਲੇ ਦੇ ਯੂਨੀਅਨ ਕਾਰਬਾਈਡ ਦੇ ਪ੍ਰਧਾਨ ਵਾਰਨ ਐਂਡਰਸਨ ਨੂੰ ਕਚਿਹਰੀ ਵਿਚ ਪੇਸ਼ ਕੀਤਾ ਜਾਵੇ। ਪਰ ਲਿਬਰਲ ਡੈਮੋਕਰੇਸੀ ਦੇ ਵੱਡੇ ਨੁਮਾਇੰਦੇ ਉਬਾਮਾ ਅਤੇ ਮੀਡੀਏ ਨੇ ਇਨ੍ਹਾਂ ਮੁਜ਼ਾਹਿਰਆਂ ਵੱਲ ਕੋਈ ਧਿਆਨ ਨਹੀਂ ਦਿਤਾ ਕਿਉਂਕਿ ਆਮ ਲੋਕਾਂ ਦੇ ਹੱਕਾਂ ਅਤੇ ਇਨਸਾਫ਼ ਨਾਲ ਇਨ੍ਹਾਂ ਦਾ ਕੋਈ ਵਾਸਤਾ ਨਹੀਂ